# India enters G20 Troika

December 01, 2021

---

## ਭਾਰਤ ਹੋਇਆ G20 ਤਿਕੜੀ 'ਚ ਸ਼ਾਮਿਲ

**1 ਦਸੰਬਰ, 2021**

ਭਾਰਤ ਅੱਜ G20 ਤਿਕੜੀ ਵਿੱਚ ਸ਼ਾਮਲ ਹੋ ਗਿਆ ਹੈ, ਜਿਸ ਵਿੱਚ ਕ੍ਰਮਵਾਰ ਮੌਜੂਦਾ, ਪਿਛਲੇ ਅਤੇ ਆਉਣ ਵਾਲੇ ਜੀ-20 ਪ੍ਰਧਾਨ - ਇੰਡੋਨੇਸ਼ੀਆ, ਇਟਲੀ ਅਤੇ ਭਾਰਤ ਸ਼ਾਮਲ ਹਨ।

G20 ਅੰਤਰਰਾਸ਼ਟਰੀ ਆਰਥਿਕ ਸਹਿਯੋਗ ਲਈ ਪ੍ਰਮੁੱਖ ਫੋਰਮ ਹੈ, ਜੋ ਇਸ ਵਿਚਾਰ ਦਾ ਪ੍ਰਤੀਕ ਹੈ ਕਿ ਦੁਨੀਆਂ ਦੀ ਖੁਸ਼ਹਾਲੀ ਇੱਕ ਦੂਜੇ 'ਤੇ ਨਿਰਭਰ ਹੈ ਅਤੇ ਸਾਡੇ ਆਰਥਿਕ ਮੌਕੇ ਅਤੇ ਚੁਣੌਤੀਆਂ ਆਪਸ ਵਿੱਚ ਜੁੜੀਆਂ ਹੋਈਆਂ ਹਨ। G20 ਦੇਸ਼ ਭਵਿੱਖ ਦੀ ਬਿਹਤਰ ਤਿਆਰੀ ਲਈ ਇਕੱਠੇ ਹੋਏ ਹਨ। G20 ਦੇ ਸੰਸਥਾਪਕ ਮੈਂਬਰ ਦੇ ਰੂਪ ਵਿੱਚ ਭਾਰਤ ਨੇ ਇਸ ਪਲੇਟਫਾਰਮ ਦੀ ਵਰਤੋਂ ਵੱਡੇ ਮਹੱਤਵ ਵਾਲੇ ਅਤੇ ਦੁਨੀਆ ਭਰ ਦੇ ਸਭ ਤੋਂ ਕਮਜ਼ੋਰ ਲੋਕਾਂ 'ਤੇ ਪ੍ਰਭਾਵ ਪਾਉਣ ਵਾਲੇ ਮੁੱਦਿਆਂ ਨੂੰ ਚੁੱਕਣ ਲਈ ਕੀਤੀ ਹੈ।

ਇੰਡੋਨੇਸ਼ੀਆ ਨੇ ਅੱਜ G-20 ਦੀ ਪ੍ਰਧਾਨਗੀ ਸੰਭਾਲ ਲਈ ਹੈ ਅਤੇ "ਰਿਕਵਰ ਟੂਗੇਦਰ, ਰਿਕਵਰ ਸਟ੍ਰੌਂਜਰ" ਦੇ ਸਮੁੱਚੇ ਥੀਮ ਤਹਿਤ 30-31 ਅਕਤੂਬਰ 2022 ਨੂੰ G20 ਨੇਤਾਵਾਂ ਦੇ ਸਿਖਰ ਸੰਮੇਲਨ ਨਾਲ ਸਮਾਪਤ ਹੋਣ ਵਾਲੇ ਸਾਲ ਵਿੱਚ  G20 ਦੀਆਂ ਵੱਖ-ਵੱਖ ਮੀਟਿੰਗਾਂ ਬੁਲਾਏਗਾ। ਇੱਤਿਕੜੀ ਦੇ ਮੈਂਬਰ ਹੋਣ ਵਜੋਂ, ਭਾਰਤ G20 ਦੇ ਏਜੰਡੇ ਦੀ ਇਕਸਾਰਤਾ ਅਤੇ ਲਗਾਤਾਰਤਾ ਨੂੰ ਯਕੀਨੀ ਬਣਾਉਣ ਲਈ ਇੰਡੋਨੇਸ਼ੀਆ ਅਤੇ ਇਟਲੀ ਦੇ ਨਾਲ ਨੇੜਿਓਂ ਮਿਲਕੇ ਕੰਮ ਕਰੇਗਾ।

ਭਾਰਤ 1 ਦਸੰਬਰ, 2022 ਨੂੰ ਇੰਡੋਨੇਸ਼ੀਆ ਤੋਂ G20 ਦੀ ਪ੍ਰਧਾਨਗੀ ਸੰਭਾਲੇਗਾ ਅਤੇ 2023 ਵਿੱਚ ਪਹਿਲੀ ਵਾਰ ਭਾਰਤ ਵਿੱਚ G20 ਨੇਤਾਵਾਂ ਦਾ ਸੰਮੇਲਨ ਕਰਵਾਏਗਾ।

ਨਵੀਂ ਦਿੱਲੀ
ਦਸੰਬਰ 01, 2021

DISCLAIMER: This is an approximate translation. The original is available in English on MEA's website and may be referred to as the official press release.